This question paper contains 2 printed pages]

Roll No. | | | | | | | | | | | |

S. No. of Question Paper : 8176

Unique Paper Code : 52121314 GC

Name of the Paper : Med. Narrative Poetry, Autobiography and Functional Punjabi

Name of the Course : B.Com. (Prog.)

Semester : III

Duration : 3 Hours Maximum Marks : 75

*(Write your Roll No. on the top immediately on receipt of this question paper.)*

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

   (ੳ) ਰਾਂਝੇ ਆਖਿਆ, ਪਾਰ ਲੰਘਾਇ ਅੱਬਾ, ਮੀਆਂ ਚੜ੍ਹ ਲੈ ਰੱਬ ਦੇ ਵਾਸਤੇ ਤੇ
   ਅਸਾਂ ਰਿਜ਼ਕ ਕਮਾਵਣਾ ਨਾਲ ਹੀਲੇ, ਬੇੜੀ ਖਿੱਚ ਦੇ ਛੱਬ ਦੇ ਵਾਸਤੇ ਤੇ।

   (ਅ) ਜੇ ਸਾਬਤੀ ਇਕ ਨਾ ਗਲ ਚਲੇ, ਰਾਜਾ ਘਟ ਲਥਾ ਸ਼ਰਮਿੰਦਗੀ ਥੋਂ
   ਦਿਲੋਂ ਜਾਣਦਾ ਮੈਥੋਂ ਕੀ ਵਰਤਿਆ ਸੀ, ਸਾਹਿਬ ਵਲ ਹੋਇਆ ਇਹਦੀ ਜ਼ਿੰਦਗੀ ਥੋਂ।

2. ਬਿਰਤਾਂਤਕ ਕਾਵਿ ਦੀਆਂ ਖੂਬੀਆਂ ਨੂੰ ਧਿਆਨ ਵਿਚ ਰਖ ਕੇ ਮਧਕਾਲੀ ਕਿੱਸਾ ਕਾਵਿ ਜਾਂ ਮਧਕਾਲੀ ਵਾਰ ਕਾਵਿ ਬਾਰੇ ਭਰਪੂਰ ਨੋਟ ਲਿਖੋ। 15

3. ਬਚਿੰਤ ਕੌਰ ਰਚਿਤ 'ਪਗਡੰਡੀਆਂ' ਨੂੰ ਸ੍ਵੈਜੀਵਨੀ ਦੇ ਤੌਰ 'ਤੇ ਪਰਖੋ। 15

   ਜਾਂ

   ਬਚਿੰਤ ਕੌਰ ਦੇ ਜਨਮ ਸਮੇਂ ਉਹਨੂੰ ਤੀਜਾ ਪੱਥਰ ਕੌਣ ਅਤੇ ਕਿਉਂ ਕਹਿੰਦਾ ਹੈ ? ਵਿਸਤਾਰ ਨਾਲ ਲਿਖੋ।

4. ਪਗਡੰਡੀਆਂ ਵਿਚ ਤੁਹਾਨੂੰ ਕਿਹੜਾ ਅਧਿਆਇ ਸਭ ਤੋਂ ਵੱਧ ਚੰਗਾ ਲੱਗਿਆ ਹੈ ਤੇ ਕਿਉਂ। ਵਿਸਤਾਰ ਨਾਲ ਲਿਖੋ। 10

5. ਕਾਰਕ ਦੀ ਪਰਿਭਾਸ਼ਾ ਲਿਖ ਕੇ ਦੋ ਕਿਸਮਾਂ ਦੇ ਉਦਾਹਰਣ ਦਿਓ : 5

6. ਸ਼ਬਦ ਸ਼ਕਤੀ ਕਿੰਨੀ ਪ੍ਰਕਾਰ ਦੀ ਹੁੰਦੀ ਹੈ ? ਕਿਸੇ ਇਕ ਬਾਰੇ ਉਦਾਹਰਣ ਲਿਖੋ। 5

7. ਪੰਜਾਬੀ ਦੇ ਵਿਅੰਜਨਾਂ ਦੇ ਤਿੰਨ ਉਦਾਹਰਣ ਲਿਖੋ। 5

8. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : 10

ਕਈ ਸੱਜਣ ਸਦਾ ਨੁਕਸ ਅਤੇ ਨਘੋਚ ਕੱਢਣ ਵਿਚ ਆਪਣਾ ਸਾਰਾ ਜੀਵਨ ਲਗਾ ਦਿੰਦੇ ਹਨ। ਉਹ ਹਰ ਗੱਲ, ਹਰ ਪਹਿਲੂ ਅਤੇ ਹਰ ਸਥਿਤੀ ਵਿਚ ਸਿਰਫ਼ ਅਲੋਚਨਾ ਕਰਨੀ ਹੀ ਜਾਣਦੇ ਹਨ। ਉਹ ਆਪਣੀ ਸਿਆਣਪ, ਸੂਝ-ਬੂਝ, ਗਿਆਨ ਅਤੇ ਅਕਲ ਦੇ ਬੋਝ ਹੇਠ ਏਨੇ ਦਬੇ ਹੋਏ ਹੁੰਦੇ ਹਨ ਕਿ ਉਨ੍ਹਾਂ ਨੂੰ ਆਪਣੇ ਤੋਂ ਅੱਗੇ ਹੋਰ ਕੁਝ ਵੀ ਦਿਖਾਈ ਨਹੀਂ ਦਿੰਦਾ। ਉਨ੍ਹਾਂ ਨੂੰ ਕੁਝ ਪੜ੍ਹਨ ਨੂੰ ਦੇਵੋ, ਉਹ ਉਸ ਵਿਚ ਨੁਕਸ ਕੱਢਣਗੇ, ਕੁਝ ਸੁਣਨ ਨੂੰ ਦੇਵੋ, ਉਸ ਵਿਚ ਨੁਕਸ ਕੱਢਣਗੇ; ਕੁਝ ਖਾਣ ਨੂੰ ਦੇਵੋ, ਉਸ ਵਿਚ ਨੁਕਸ ਕੱਢਣਗੇ, ਗੱਲ ਕੀ ਉਹ ਜ਼ਿੰਦਗੀ ਦੇ ਹਰ ਪੱਧਰ ਤੇ ਸਿਰਫ਼ ਨੁਕਸ ਅਤੇ ਨਘੋਚ ਦੇ ਪੱਧਰ 'ਤੇ ਹੀ ਵਿਚਰਦੇ ਹਨ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਹਰ ਸਥਿਤੀ ਅਲੋਚਨਾ ਦੀ ਮੰਗ ਨਹੀਂ ਕਰਦੀ......ਕਈ ਵਾਰ ਉਸ ਸਥਿਤੀ ਜਾਂ ਹਾਲਾਤ ਦੀ ਭਾਵਨਾ ਨੂੰ ਵੀ ਸਮਝਣ ਦੀ ਲੋੜ ਹੁੰਦੀ ਹੈ। ਕਈ ਵਾਰ ਸ਼ਬਦਾਂ ਨਾਲੋਂ ਭਾਵਨਾ ਵੱਧ ਮਹੱਤਵਪੂਰਨ ਹੁੰਦੀ ਹੈ......ਭੋਜਨ ਨਾਲੋਂ ਭਾਵਨਾ ਵੱਧ ਮਹੱਤਵਪੂਰਨ ਹੁੰਦੀ ਹੈ.....ਆਓ, ਕਦੇ-ਕਦੇ ਜ਼ਿੰਦਗੀ ਨੂੰ ਥੋੜ੍ਹਾ ਸਹਿਜ ਲੈਂਦੇ ਹੋਏ ਆਪਣੀ ਸਿਆਣਪ ਅਤੇ ਅਕਲ ਦੇ ਬੋਝ ਨੂੰ ਕੁਝ ਘੱਟ ਕਰੀਏ.......

ਪ੍ਰਸ਼ਨ :-

(ੳ) ਕੀ ਹਰ ਸਥਿਤੀ ਵਿਚ ਅਲੋਚਨਾ ਕਰਨੀ ਜਾਇਜ਼ ਹੈ ?

(ਅ) ਅਲੋਚਨਾ ਕਰਨ ਲਗਿਆਂ ਸ਼ਬਦਾਂ ਤੋਂ ਵੱਧ ਮਹੱਤਵ ਕਿਸ ਨੂੰ ਦੇਣਾ ਚਾਹੀਦਾ ਹੈ ?

(ੲ) ਅਕਲ ਦੇ ਬੋਝ ਨੂੰ ਘੱਟ ਕਰਨ ਲਈ ਕੀ ਕਰਨਾ ਚਾਹੀਦਾ ਹੈ ?

(ਸ) ਇਸ ਪੈਰ੍ਹੇ ਨੂੰ ਢੁੱਕਵਾਂ ਸਿਰਲੇਖ ਦਿਉ।